ਜਨਮ ਦਿਨ ਮੁਬਾਰਕ

ਭਵਿਆ (ਜਲੰਧਰ)

ਹਿਤਾਂਸ਼ੀ (ਜਲੰਧਰ)

ਆਰਿਅਨ ਲਾਲੀ (ਜਲੰਧਰ)

ਗੌਰਿਕਾ ਵਰਮਾ (ਜਲੰਧਰ)

ਅਨਿਸ਼ ਮਿਸ਼ਰਾ (ਜਲੰਧਰ)

ਦਿਲਪ੍ਰੀਤ (ਜਲੰਧਰ)

ਵਿਨੈ ਭੱਟੀ
ਪਿਤਾ : ਇੰਦਰਜੀਤ ਭੱਟੀ
ਮਾਤਾ : ਰੂਪ ਦੇਵੀ ਭੱਟੀ
(ਜਲੰਧਰ)

ਦਕਸ਼
ਪਿਤਾ : ਸੁਰੇਸ਼ ਕੁਮਾਰ
ਮਾਤਾ : ਸਿੰਮੀ ਦੇਵੀ
(ਜਲੰਧਰ)

ਬੰਧਨ ਪਿਆਰ ਦਾ

ਜਲੰਧਰ ਦੇ ਸਨੀ ਅਤੇ ਮਨਜੀਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ।

ਖ਼ੁਸ਼ੀ ਦੇ ਹਰ ਖਾਸ ਮੌਕੇ 'ਤੇ...
ਹਮੇਸ਼ਾ ਤੁਹਾਡੇ ਨਾਲ

ਜਨਮ ਦਿਨ — ਆਪਣੇ ਪੁੱਤਰ/ਪੁੱਤਰੀ ਦੇ ਜਨਮ ਦਿਨ
ਵਿਆਹ — ਨਵੇਂ ਵਿਆਹੇ ਜੋੜੇ ਆਪਣੇ ਵਿਆਹ
ਵਰ੍ਹੇਗੰਢ — ਆਪਣੇ ਵਿਆਹ ਦੀ ਵਰ੍ਹੇਗੰਢ
ਸੈਲਫੀ ਸਟਾਰ — ਪਰਿਵਾਰ ਅਤੇ ਦੋਸਤਾਂ ਦੀ ਸੈਲਫੀ (3 ਤੋਂ ਜ਼ਿਆਦਾ)
ਫੋਟੋ ਸਾਨੂੰ ਭੇਜੋ।
jal@jagbani.com
95922-18289, 82888-61415
ਨੋਟ : ਮੇਲ 'ਚ ਨਾਂ, ਮਾਤਾ-ਪਿਤਾ ਦਾ ਨਾਂ, ਪਤਾ ਅਤੇ ਮੋਬਾਈਲ ਨੰਬਰ ਜ਼ਰੂਰ ਲਿਖੋ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਨਾਲ ਛੇੜਛਾੜ ਦੇ ਦੋਸ਼ਾਂ ਨੂੰ ਲੈ ਕੇ ਅੰਬੇਡਕਰ ਸੈਨਾ ਨੇ ਡੀ. ਸੀ. ਨੂੰ ਸੌਂਪਿਆ ਮੰਗ-ਪੱਤਰ

ਜਲੰਧਰ, 8 ਅਕਤੂਬਰ (ਚੋਪੜਾ)– ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਲੈ ਕੇ ਅੰਬੇਡਕਰ ਸੈਨਾ (ਪੰਜਾਬ) ਨੇ ਅੱਜ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨਾਲ ਮੁਲਾਕਾਤ ਕਰ ਕੇ ਇਕ ਮੰਗ-ਪੱਤਰ ਸੌਂਪਿਆ। ਸੰਸਥਾ ਦੇ ਜ਼ਿਲਾ ਪ੍ਰਧਾਨ ਬਲਵਿੰਦਰ ਸਿੰਘ ਬੁੱਗਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸ਼ਰਧਾ ਅਤੇ ਸਨਮਾਨ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਕ ਅਖਬਾਰ ਅਤੇ ਚੈਨਲ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਵਾਰ-ਵਾਰ 'ਭਗਤ ਰਵਿਦਾਸ' ਦੇ ਰੂਪ ਵਿਚ ਸੰਬੋਧਿਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸੰਸਥਾ ਅਨੁਸਾਰ ਇਸ ਤਰ੍ਹਾਂ ਦੇ ਸੰਬੋਧਨ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਵਿਚ ਆਸਥਾ ਰੱਖਣ ਵਾਲੀ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਅੰਬੇਡਕਰ ਸੈਨਾ ਨੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਕਰਵਾ ਕੇ ਸਬੰਧਤ ਚੈਨਲ ਦੇ ਖ਼ਿਲਾਫ਼ ਨਿਯਮ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸੰਸਥਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਠੋਸ ਕਾਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿਚ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਕੁਲਵਿੰਦਰ ਬੈਂਸ, ਬਲਵਿੰਦਰ ਬੱਗਾ, ਭਜਨ ਲਾਲ ਚੋਪੜਾ, ਰਾਮ ਮੂਰਤੀ, ਨਵਦੀਪ ਦਕੋਹਾ ਤੇ ਹੋਰ ਵੀ ਮੌਜੂਦ ਸਨ।

ਡੀ. ਸੀ. ਵਰਜੀਤ ਵਾਲੀਆ ਨੂੰ ਮੰਗ-ਪੱਤਰ ਸੌਂਪਦਾ ਅੰਬੇਡਕਰ ਸੈਨਾ ਪੰਜਾਬ ਦੇ ਅਹੁਦੇਦਾਰਾਂ ਦਾ ਵਫਦ। (ਚੋਪੜਾ)

ਰਾਹੁਲ ਤੇ ਪ੍ਰਿਯੰਕਾ ਖ਼ਿਲਾਫ਼ ਬਲ ਦੀ ਵਰਤੋਂ ਨਿੰਦਣਯੋਗ, ਕਾਂਗਰਸੀ ਵਰਕਰ ਸਮਰਥਨ ਲਈ ਦਿੱਲੀ ਜਾਣਗੇ : ਰਾਣਾ ਰੰਧਾਵਾ

ਜਲੰਧਰ, 8 ਅਕਤੂਬਰ (ਵਿਸ਼ੇਸ਼)–ਪੰਜਾਬ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਾਜਿੰਦਰਪਾਲ ਸਿੰਘ ਰਾਣਾ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਖ਼ਿਲਾਫ਼ ਦਿੱਲੀ ਵਿਚ ਪੁਲਸ ਵੱਲੋਂ ਬਲ ਦੀ ਵਰਤੋਂ ਕਰਨਾ ਨਿੰਦਣਯੋਗ ਹੈ ਅਤੇ ਇਸ ਸਮੇਂ ਦੇਸ਼ ਵਿਚ ਲੋਕਤੰਤਰ ਦਾ ਗਲਾ ਦਬਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਰਾਹੁਲ ਅਤੇ ਪ੍ਰਿਯੰਕਾ ਦੇ ਸਮਰਥਨ ਵਿਚ ਸੰਘਰਸ਼ ਵਿਚ ਹਿੱਸਾ ਲੈਣ ਲਈ ਉਹ ਜਲਦ ਹੀ ਕਾਂਗਰਸੀ ਵਰਕਰਾਂ ਨਾਲ ਦਿੱਲੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਤੁਰੰਤ ਹਟਾਉਣਾ ਚਾਹੀਦਾ ਹੈ ਅਤੇ ਵਿਰੋਧੀ ਧਿਰ ਦੀ ਮੰਗ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਸਮੇਂ ਪੂਰੀ ਵਿਰੋਧੀ ਧਿਰ ਇਕਜੁੱਟ ਹੈ ਕਿਉਂਕਿ ਭਾਜਪਾ ਵੱਲੋਂ ਜਬਰੀ ਚੋਣਾਂ ਜਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਉਸ ਨੂੰ ਭਾਜਪਾ ਸਰਕਾਰ ਦੇ ਹੱਥਾਂ ਦੀ ਕਠਪੁਤਲੀ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲੋਕਤੰਤਰ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਸਰਕਾਰ ਦਾ ਧਿਆਨ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਕਾਬੂ ਕਰਨ ਵੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਆਏ ਦਿਨ ਹਾਲਾਤ ਬਦਤਰ ਹੁੰਦੇ ਜਾ ਰਹੇ ਹਨ ਅਤੇ ਸੂਬੇ ਦੀ ਜਨਤਾ ਇਸ ਸਮੇਂ ਉਮੀਦ ਭਰੀਆਂ ਨਜ਼ਰਾਂ ਨਾਲ ਕਾਂਗਰਸ ਵੱਲ ਦੇਖ ਰਹੀ ਹੈ।

ਪੀ. ਡਬਲਯੂ. ਡੀ. ਨੇ ਦੁਬਾਰਾ ਬਣਾਈ ਅਲੀਪੁਰ-ਮਿੱਠਾਪੁਰ ਰੋਡ, ਲੋਕਾਂ ਨੂੰ ਮਿਲੀ ਰਾਹਤ : ਸੁਦੇਸ਼ ਵਿਜ

ਜਲੰਧਰ, 8 ਅਕਤੂਬਰ (ਮਹੇਸ਼)–ਜਲੰਧਰ ਕੈਂਟ ਵਿਧਾਨ ਸਭਾ ਹਲਕੇ ਦੇ ਪਿੰਡ ਅਲੀਪੁਰ ਤੋਂ ਪਿੰਡ ਮਿੱਠਾਪੁਰ ਨੂੰ ਜਾਂਦੀ ਰੋਡ ਪੀ. ਡਬਲਯੂ. ਡੀ. ਵੱਲੋਂ ਦੁਬਾਰਾ ਬਣਾ ਦਿੱਤੀ ਗਈ ਹੈ, ਜਿਸ ਨਾਲ ਲੋਕਾਂ ਨੂੰ ਭਾਰੀ ਰਾਹਤ ਮਿਲੀ ਹੈ। ਇਹ ਜਾਣਕਾਰੀ ਕਾਂਗਰਸ ਆਗੂ ਅਤੇ ਸਮਾਜ ਸੇਵਕ ਸੁਦੇਸ਼ ਵਿਜ ਨੇ ਦਿੱਤੀ, ਜਿਨ੍ਹਾਂ ਨੇ ਕਿਹਾ ਕਿ ਇਸ ਸੜਕ ਦੇ ਬਣਨ 'ਤੇ ਹੀ 2-3 ਮਹੀਨਿਆਂ 'ਚ ਬੁਰੀ ਤਰ੍ਹਾਂ ਖਿਲਰ ਗਈ ਉਕਤ ਰੋਡ ਸਬੰਧੀ 'ਜਗ ਬਾਣੀ' 'ਚ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀ ਗਈ ਖ਼ਬਰ ਤੋਂ ਬਾਅਦ ਹੀ ਇਹ ਸੜਕ ਬਣ ਸਕੀ ਹੈ।

ਸੁਦੇਸ਼ ਵਿਜ ਨੇ ਕਿਹਾ ਕਿ ਪਹਿਲਾਂ ਇਸ ਸੜਕ ਨੂੰ ਬਣਾਉਂਦੇ ਸਮੇਂ ਘਟੀਆ ਮਟੀਰੀਅਲ ਵਰਤਣ ਦੇ ਨਾਲ-ਨਾਲ ਪੀ. ਡਬਲਯੂ. ਡੀ. ਵੱਲੋਂ ਲਾਪ੍ਰਵਾਹੀ ਵੀ ਦਿਖਾਈ ਗਈ ਸੀ, ਜਿਸ ਕਾਰਨ ਇਹ ਸੜਕ ਟੁੱਟ ਗਈ ਸੀ ਅਤੇ ਉਸ ਤੋਂ ਬਾਅਦ ਵੀ ਇਸ ਮਾਮਲੇ ਨੂੰ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਗਿਆ ਪਰ ਉਨ੍ਹਾਂ ਨੇ ਕੋਈ ਸੁਣਵਾਈ ਨਹੀਂ ਕੀਤੀ।

ਅਲੀਪੁਰ-ਮਿੱਠਾਪੁਰ ਰੋਡ 'ਤੇ ਰਹਿੰਦੇ ਲੋਕਾਂ ਅਤੇ ਦੁਕਾਨਦਾਰਾਂ ਤੋਂ ਇਲਾਵਾ ਨਾਲ ਲੱਗਦੀਆਂ 15-20 ਕਲੋਨੀਆਂ ਦੇ ਨਿਵਾਸੀਆਂ ਨੇ ਤੰਗ ਆ ਕੇ ਇਸ ਰੋਡ ਦੀ ਖ਼ਬਰ ਨੂੰ 'ਜਗ ਬਾਣੀ' 'ਚ ਪ੍ਰਕਾਸ਼ਿਤ ਕਰਵਾਇਆ, ਜਿਸ 'ਤੇ ਅਮਲ ਕਰਦਿਆਂ ਪੀ. ਡਬਲਯੂ. ਡੀ. ਵੱਲੋਂ ਇਹ ਸੜਕ ਹੁਣ ਸਹੀ ਤਰੀਕੇ ਨਾਲ ਦੁਬਾਰਾ ਬਣਾ ਦਿੱਤੀ ਗਈ ਹੈ। ਸੁਦੇਸ਼ ਵਿਜ ਨੇ ਕਿਹਾ ਕਿ ਸੜਕ ਬਣਨ 'ਤੇ ਰਾਹਤ ਮਹਿਸੂਸ ਕਰਨ ਵਾਲੇ ਲੋਕਾਂ ਨੇ ਪੰਜਾਬ ਕੇਸਰੀ ਗਰੁੱਪ ਦਾ ਧੰਨਵਾਦ ਪ੍ਰਗਟ ਕੀਤਾ ਹੈ।

'ਜਗ ਬਾਣੀ' ਵਿਚ ਖਬਰ ਪ੍ਰਕਾਸ਼ਿਤ ਹੋਣ 'ਤੇ ਬਣਾਈ ਗਈ ਅਲੀਪੁਰ-ਮਿੱਠਾਪੁਰ ਰੋਡ, (ਇਨਸੈੱਟ) ਜਾਣਕਾਰੀ ਦਿੰਦੇ ਸੁਦੇਸ਼ ਵਿਜ। (ਠਾਕੁਰ)

ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਭਾਜਪਾ ਨੇ ਫੂਕਿਆ ਮੁੱਖ ਮੰਤਰੀ ਮਾਨ ਦਾ ਪੁਤਲਾ

ਹਾਈਕੋਰਟ ਦੇ ਹੁਕਮਾਂ 'ਤੇ ਕੇਂਦਰੀ ਜਾਂਚ ਏਜੰਸੀ ਨੇ ਖੋਲ੍ਹੀ 'ਆਪ' ਦੀ ਪੋਲ : ਹਿੱਕੀ

ਜਲੰਧਰ, 8 ਅਕਤੂਬਰ (ਗੁਲਸ਼ਨ)– ਭਾਰਤੀ ਜਨਤਾ ਪਾਰਟੀ ਜਲੰਧਰ ਸ਼ਹਿਰੀ ਵੱਲੋਂ ਜ਼ਿਲਾ ਪ੍ਰਧਾਨ ਅਸ਼ੋਕ ਸਰੀਨ ਹਿੱਕੀ ਦੀ ਪ੍ਰਧਾਨਗੀ ਹੇਠ ਸਥਾਨਕ ਭਗਤ ਸਿੰਘ ਚੌਕ ਵਿਖੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਨਾਅਰੇਬਾਜ਼ੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ।

ਪ੍ਰਦਰਸ਼ਨ 'ਚ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਾਕੇਸ਼ ਰਾਠੌਰ, ਸਾਬਕਾ ਵਿਧਾਇਕ ਕ੍ਰਿਸ਼ਨ ਦੇਵ ਭੰਡਾਰੀ, ਸ਼ੀਤਲ ਅੰਗੁਰਾਲ, ਸਰਬਜੀਤ ਸਿੰਘ ਮੱਕੜ, ਭਾਜਪਾ ਆਗੂ ਦਿਨੇਸ਼ ਢੱਲ, ਕੌਂਸਲਰ ਅਮਿਤ ਢੱਲ, ਸਾਬਕਾ ਜ਼ਿਲਾ ਪ੍ਰਧਾਨ ਸੁਸ਼ੀਲ ਸ਼ਰਮਾ, ਰਵੀ ਮਹਿੰਦਰੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਅਸ਼ੋਕ ਸਰੀਨ ਹਿੱਕੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਕੈਂਪ ਦਫ਼ਤਰ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕੇਂਦਰੀ ਏਜੰਸੀਆਂ ਦੀ ਕਾਰਵਾਈ ਨੇ ਆਮ ਆਦਮੀ ਪਾਰਟੀ ਦੀ ਕਥਿਤ ਇਮਾਨਦਾਰ ਰਾਜਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ।

ਇਸ ਮੌਕੇ ਜ਼ਿਲਾ ਮੀਤ ਪ੍ਰਧਾਨ ਮਨੀਸ਼ ਵਿਜ, ਜ਼ਿਲਾ ਸਕੱਤਰ ਅਤੇ ਮੀਡੀਆ ਇੰਚਾਰਜ ਅਮਿਤ ਭਾਟੀਆ, ਅਸ਼ਵਨੀ ਦੀਵਾਨ ਹੈਪੀ, ਸ਼ਾਮ ਸ਼ਰਮਾ, ਅਨੁ ਸ਼ਰਮਾ, ਦਵਿੰਦਰ ਕਾਲੀਆ, ਬਲਜੀਤ ਪ੍ਰਿੰਸ, ਜੀਜੀਵ ਸ਼ਰਮਾ ਮਨੀ, ਮਿੰਟਾ ਕੋਛੜ, ਸੰਨੀ ਸ਼ਰਮਾ, ਯੋਗੇਸ਼ ਮਲਹੋਤਰਾ, ਰਵਿੰਦਰ ਧੀਰ, ਡਿੰਪੀ ਲੁਬਾਣਾ, ਅਜਮੇਰ ਸਿੰਘ ਬਾਦਲ, ਸੁਮਨ ਰਾਣਾ, ਦਿਨੇਸ਼ ਖੰਨਾ, ਅਨੁਜ ਸ਼ਾਰਦਾ, ਸਤਪਾਲ ਬਠਲਾ, ਹੈਪੀ ਦੀਵਾਨ, ਦੀਪਕ ਤੇਜੂ, ਦੀਪਕ ਸ਼ਰਮਾ ਸਮੇਤ ਵੱਡੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ।

ਮੁੱਖ ਮੰਤਰੀ ਦਾ ਪੁਤਲਾ ਫੂਕਦੇ ਰਾਕੇਸ਼ ਰਾਠੌਰ, ਕੇ. ਡੀ. ਭੰਡਾਰੀ, ਅਸ਼ੋਕ ਸਰੀਨ ਹਿੱਕੀ ਅਤੇ ਹੋਰ ਭਾਜਪਾ ਵਰਕਰ। (ਕਾਕੂ)

ਬੱਸ ਸਟੈਂਡ ਆਦਮਪੁਰ 'ਚ 'ਸੇਵਾ ਜਯੋਤੀ ਯਾਤਰਾ' ਪ੍ਰੋਗਰਾਮ ਤਹਿਤ ਪ੍ਰਧਾਨ ਮੰਤਰੀ ਦੇ ਸੰਬੋਧਨ ਨੂੰ ਸੁਣਿਆ

ਆਦਮਪੁਰ, 8 ਅਕਤੂਬਰ (ਸ. ਹ.)– ਆਦਮਪੁਰ ਵਿਖੇ ਸੇਵਾ ਸੰਕਲਪ ਸਭਾ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨ ਸੇਵਾ ਦੇ 25 ਸਾਲ ਪੂਰੇ ਹੋਣ ਤੇ ਮੰਡਲ ਪ੍ਰਧਾਨ ਪਰਮਿੰਦਰ ਕੁਮਾਰ ਰਾਣਾ ਤੇ ਉੱਪ ਪ੍ਰਧਾਨ ਅਮਿਤ ਕੁਮਾਰ ਲਾਡੀ ਦੀ ਦੇਖ-ਰੇਖ ਹੇਠ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਬੱਸ ਸਟੈਂਡ ਵਿਖੇ 'ਸੇਵਾ ਜਯੋਤੀ ਯਾਤਰਾ' ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਮੁੱਖ ਮਹਿਮਾਨ ਵਜੋਂ ਮਨਮੀਤ ਸਿੰਘ ਵਿੱਕੀ ਪ੍ਰਧਾਨ ਭਾਜਪਾ ਜਲੰਧਰ ਦਿਹਾਤੀ ਨੇ ਸ਼ਿਰਕਤ ਕੀਤੀ।

ਇਸ ਦੌਰਾਨ 'ਵਿਕਸਿਤ ਭਾਰਤ ਸੰਕਲਪ ਸਭਾ' ਪ੍ਰੋਗਰਾਮ ਤਹਿਤ ਭਾਜਪਾ ਆਗੂਆਂ ਅਤੇ ਆਮ ਜਨਤਾ ਨੇ ਪ੍ਰਧਾਨ ਮੰਤਰੀ ਦੇ ਸੰਬੋਧਨ ਨੂੰ ਬੱਸ ਸਟੈਂਡ ਵਿਖੇ ਲਾਈ ਗਈ ਵੱਡੀ ਸਕਰੀਨ 'ਤੇ ਸੁਣਿਆ। ਪ੍ਰੋਗਰਾਮ ਦੌਰਾਨ ਹਾਜ਼ਿਰ ਭਾਜਪਾ ਵਰਕਰਾਂ ਤੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਮੌਕੇ ਮਨਮੀਤ ਸਿੰਘ ਵਿੱਕੀ ਪ੍ਰਧਾਨ ਜਲੰਧਰ ਦਿਹਾਤੀ, ਮਨੋਜ ਭੱਟੀ ਯੂਥ ਆਗੂ ਭਾਜਪਾ, ਪਰਮਿੰਦਰ ਕੁਮਾਰ ਰਾਣਾ ਮੰਡਲ ਪ੍ਰਧਾਨ, ਅਮਿਤ ਕੁਮਾਰ ਲਾਡੀ ਮੰਡਲ ਉੱਪ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨ ਸੇਵਾ ਦੇ 25 ਸਾਲ ਪੂਰੇ ਹੋ ਗਏ ਹਨ, ਇਹ ਸਿਰਫ਼ ਇਕ ਸਿਆਸੀ ਸਫ਼ਰ ਨਹੀਂ, ਸਗੋਂ ਸੰਕਲਪ, ਸੇਵਾ ਅਤੇ ਸਮਰਪਣ ਨਾਲ ਪ੍ਰਭਾਸ਼ਿਤ ਇਕ ਅਜਿਹਾ ਸਫ਼ਰ ਹੈ, ਜਿਸਨੇ ਦੇਸ਼ ਦੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ, ਉਹ ਦੇਸ਼ ਦੀ ਤਰੱਕੀ ਲਈ ਆਪਣਾ ਜੀਵਨ ਸਮਰਪਿਤ ਕਰਨ ਵਾਲੇ ਇਸ ਅਟੁੱਟ ਸਫ਼ਰ ਨੂੰ ਸਲਾਮ ਕਰਦੇ ਹਾਂ।

ਇਸ ਮੌਕੇ ਜੀਵਨ ਗੁਪਤਾ ਮੈਂਬਰ ਕੋਰ ਕਮੇਟੀ ਜੀਤ ਲਾਲ ਭੱਟੀ ਸੀਨੀਅਰ ਆਗੂ ਭਾਜਪਾ, ਅਰੁਣਾ ਸ਼ਰਮਾ ਸੀਨੀਅਰ ਆਗੂ ਭਾਜਪਾ, ਪਰਮਜੀਤ ਬਾਘਾ ਜੌਹਲ ਸੀਨੀਅਰ ਭਾਜਪਾ ਆਗੂ, ਰਵਿੰਦਰ ਸਿੰਘ ਸਰੋਆ, ਉੱਪ ਪ੍ਰਧਾਨ ਨੀਰਜ ਸ਼ਰਮਾ, ਜਨਰਲ ਸੈਕਟਰੀ ਦੀਪਕ ਮਾਣਕ, ਸੈਕਟਰੀ ਰਵਿੰਦਰ, ਜਸਪਾਲ, ਸੋਨਾਲੀ ਪ੍ਰਧਾਨ ਮਹਿਲਾ ਮੋਰਚਾ, ਪੂਨਮ ਰਾਣੀ ਰੀਤੂ, ਬੂਥ ਪ੍ਰਧਾਨ ਕਮਲ ਸਿੰਘ, ਜ਼ਿਲਾ ਉੱਪ ਪ੍ਰਧਾਨ ਐੱਸ. ਸੀ. ਮੋਰਚਾ ਸ਼ਿਵ ਕੁਮਾਰ ਗੋਰਾ, ਮੰਡਲ ਪ੍ਰਧਾਨ ਤਰਸੇਮ ਲਾਲ ਮੰਡਲ ਪ੍ਰਧਾਨ ਸਵਤੰਤਰ ਜੁਲਕਾ, ਮਨਜੀਤ ਸਿੰਘ ਬਿੱਲਾ ਜ਼ਿਲਾ ਪ੍ਰਧਾਨ ਕਿਸਾਨ ਮੋਰਚਾ, ਲੰਬੜਦਾਰ ਰਾਕੇਸ਼ ਕਪੂਰ ਪਿੰਕਾ, ਜੋਗੀ ਤੱਲ੍ਹਣ ਸਾਬਕਾ ਮੰਡਲ ਪ੍ਰਧਾਨ, ਨੀਰਜ ਸ਼ਰਮਾ, ਹਨੀ ਸ਼ਰਮਾ, ਮੋਹਿਤ ਖੁਰਾਣਾ, ਕੁਲਵਿੰਦਰ ਕੁਮਾਰ ਪ੍ਰਧਾਨ ਐੱਸ. ਸੀ. ਮੋਰਚਾ, ਬਿਸ਼ਨ ਕੁਮਾਰ ਪ੍ਰਧਾਨ ਘੱਟਗਿਣਤੀ ਸੈੱਲ, ਵਿਨੋਦ ਕੁਮਾਰ ਤੇ ਹੋਰ ਭਾਜਪਾ ਆਗੂ ਹਾਜ਼ਰ ਸਨ।

ਬੱਸ ਸਟੈਂਡ ਆਦਮਪੁਰ ਵਿਖੇ ਕਰਵਾਏ 'ਸੇਵਾ ਜਯੋਤੀ ਯਾਤਰਾ' ਪ੍ਰੋਗਰਾਮ 'ਚ ਪਹੁੰਚਣ 'ਤੇ ਭਾਜਪਾ ਜਲੰਧਰ ਦਿਹਾਤੀ ਪ੍ਰਧਾਨ ਮਨਮੀਤ ਵਿੱਕੀ ਦਾ ਸਵਾਗਤ ਕਰਦੇ ਪਰਮਿੰਦਰ ਕੁਮਾਰ ਰਾਣਾ, ਅਮਿਤ ਕੁਮਾਰ ਲਾਡੀ, ਮਨੋਜ ਕੁਮਾਰ, ਨੀਰਜ ਸ਼ਰਮਾ ਤੇ ਹੋਰ ਭਾਜਪਾ ਆਗੂ।

ਕੰਨਿਆ ਭਰੂਣ ਹੱਤਿਆ ਇਕ ਸਮਾਜਿਕ ਬੁਰਾਈ, ਇਸ ਨੂੰ ਖਤਮ ਕਰਨ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ : ਸਿਵਲ ਸਰਜਨ

ਜਲੰਧਰ, 8 ਅਕਤੂਬਰ (ਰੱਤਾ)–ਲਿੰਗ ਪ੍ਰੀਖਣ ਅਤੇ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਬਣਾਏ ਗਏ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਦੀ ਜ਼ਿਲਾ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵੀਰਵਾਰ ਨੂੰ ਸਿਵਲ ਸਰਜਨ ਦਫਤਰ ਵਿਚ ਹੋਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਸਟ੍ਰਿਕਟ ਐਪ੍ਰੋਪਰੀਏਟ ਅਥਾਰਿਟੀ-ਕਮ-ਸਿਵਲ ਸਰਜਨ ਡਾ. ਰਾਜੇਸ਼ ਗਰਗ ਨੇ ਕਿਹਾ ਕਿ ਕੰਨਿਆ ਭਰੂਣ ਹੱਤਿਆ ਬਹੁਤ ਹੀ ਘਿਨੌਣੀ ਸਮਾਜਿਕ ਬੁਰਾਈ ਹੋਣ ਦੇ ਨਾਲ-ਨਾਲ ਗੈਰ-ਕਾਨੂੰਨੀ ਅਤੇ ਸਜ਼ਾਯੋਗ ਅਪਰਾਧ ਵੀ ਹੈ। ਇਸ ਨੂੰ ਖਤਮ ਕਰਨ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੜਕੇ ਅਤੇ ਲੜਕੀ ਦੇ ਪਾਲਣ-ਪੋਸ਼ਣ ਵਿਚ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ ਤਾਂ ਜੋ ਸਮਾਜ ਵਿਚ ਲੜਕੀਆਂ ਦੀ ਸਥਿਤੀ ਨੂੰ ਹੋਰ ਵੀ ਉੱਚਾ ਉਠਾਇਆ ਜਾ ਸਕੇ। ਸਿਵਲ ਸਰਜਨ ਨੇ ਕਿਹਾ ਕਿ ਗਰਭ ਅਵਸਥਾ ਦੌਰਾਨ ਲਿੰਗ ਪ੍ਰੀਖਣ ਕਰਵਾਉਣ ਅਤੇ ਕਰਨ ਵਾਲਿਆਂ ਨੂੰ ਹਰਗਿਜ਼ ਬਖਸ਼ਿਆ ਨਹੀਂ ਜਾਵੇਗਾ।

ਵਿਭਾਗ ਨੂੰ 42 ਸੈਂਟਰਾਂ ਦੀ ਰੀਨਿਊਅਲ ਅਤੇ 2 ਨਵੇਂ ਸਕੈਨ ਸੈਂਟਰਾਂ ਦੀ ਰਜਿਸਟ੍ਰੇਸ਼ਨ ਲਈ ਪ੍ਰਾਪਤ ਹੋਈਆਂ ਐਪਲੀਕੇਸ਼ਨਾਂ ਸਬੰਧੀ ਮੀਟਿੰਗ ਵਿਚ ਕਾਗਜ਼ਾਂ ਦੀ ਜਾਂਚ-ਪੜਤਾਲ ਅਤੇ ਵਿਚਾਰ-ਚਰਚਾ ਕਰਨ ਉਪਰੰਤ ਕਮੇਟੀ ਨੇ ਮਨਜ਼ੂਰੀ ਦੇ ਦਿੱਤੀ।

ਇਸ ਮੌਕੇ ਜ਼ਿਲਾ ਪਰਿਵਾਰ ਭਲਾਈ ਅਧਿਕਾਰੀ ਡਾ. ਵਨਿੰਦਰ ਰਿਆੜ, ਮੈਡੀਕਲ ਸਪੈਸ਼ਲਿਸਟ ਡਾ. ਅਭਿਨਵ ਸ਼ੂਰ, ਬਾਲ ਰੋਗ ਮਾਹਿਰ ਡਾ. ਮੋਹਿਤ ਚੰਦਰ, ਸਹਾਇਕ ਜ਼ਿਲਾ ਅਟਾਰਨੀ ਗਗਨਦੀਪ, ਸੋਸ਼ਲ ਵਰਕਰ ਰਮਨਪ੍ਰੀਤ ਕੌਰ, ਡਿਸਟ੍ਰਿਕਟ ਪੀ. ਐੱਨ. ਡੀ. ਟੀ. ਕੋਆਰਡੀਨੇਟਰ ਦੀਪਕ ਬਪੋਰੀਆ, ਡਿਪਟੀ ਐੱਮ. ਟੀ. ਆਈ. ਓ. ਅਸੀਮ ਸ਼ਰਮਾ ਵੀ ਹਾਜ਼ਰ ਸਨ।

ਮੀਟਿੰਗ ਵਿਚ ਵਿਚਾਰ ਚਰਚਾ ਕਰਦੇ ਸਿਵਲ ਸਰਜਨ ਡਾ. ਰਾਜੇਸ਼ ਗਰਗ, ਜ਼ਿਲਾ ਪਰਿਵਾਰ ਭਲਾਈ ਅਧਿਕਾਰੀ ਡਾ. ਵਨਿੰਦਰ ਰਿਆੜ ਅਤੇ ਹੋਰ।

ਈ. ਐੱਸ. ਆਈ. ਡਾਇਰੈਕਟਰ ਡਾ. ਅਨਿਲ ਗੋਇਲ ਦੀਆਂ ਗਾਈਡਲਾਈਨਜ਼ 'ਤੇ 'ਵਰਲਡ ਸਾਈਟ ਡੇਅ' ਮੌਕੇ ਅੱਖਾਂ ਦੀ ਦੇਖਭਾਲ ਬਾਰੇ ਈ. ਐੱਸ. ਆਈ. ਹਸਪਤਾਲ 'ਚ ਜਾਗਰੂਕਤਾ ਫੈਲਾਈ

ਜਲੰਧਰ, 8 ਅਕਤੂਬਰ (ਸ਼ੋਰੀ, ਰੱਤਾ)– 'ਵਰਲਡ ਸਾਈਟ ਡੇਅ' ਦੇ ਮੌਕੇ 'ਤੇ ਈ. ਐੱਸ. ਆਈ. ਡਾਇਰੈਕਟਰ ਡਾ. ਅਨਿਲ ਗੋਇਲ ਦੀਆਂ ਗਾਈਡਲਾਈਨਜ਼ 'ਤੇ, ਹੈਲਥ ਡਿਪਾਰਟਮੈਂਟ ਜਲੰਧਰ ਨੇ ਇਕ ਖ਼ਾਸ ਕੈਂਪ ਲਗਾ ਕੇ 26 ਮੋਤੀਆਬਿੰਦ ਦੇ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕੀਤੇ।

ਇਨ੍ਹਾਂ ਮਰੀਜ਼ਾਂ 'ਚ ਈ. ਐੱਸ. ਆਈ. ਹਸਪਤਾਲ ਦੇ ਮਰੀਜ਼ ਵੀ ਸ਼ਾਮਲ ਸਨ। ਈ. ਐੱਸ. ਆਈ. ਹਸਪਤਾਲ ਦੀ ਐੱਮ. ਐੱਸ. (ਮੈਡੀਕਲ ਸੁਪਰਡੈਂਟ) ਡਾ. ਜਯੋਤੀ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਡਾ. ਅਰੁਣ ਵਰਮਾ ਅਤੇ ਡਾ. ਗੁਰਪ੍ਰੀਤ ਕੌਰ ਦੀ ਮੌਜੂਦਗੀ 'ਚ ਵਰਲਡ ਸਾਈਟ ਡੇਅ ਮੌਕੇ ਬੁੱਧਵਾਰ ਨੂੰ ਆਪ੍ਰੇਸ਼ਨ ਵਾਲੇ ਮਰੀਜ਼ਾਂ ਦੀਆਂ ਪੱਟੀਆਂ ਖੋਲ੍ਹੀਆਂ ਗਈਆਂ ਅਤੇ ਸਹਾਰਾ ਸੇਵਾ ਸਮਿਤੀ ਦੇ ਹਰਬੰਸ ਗਗਨੇਜਾ ਦੇ ਸਹਿਯੋਗ ਨਾਲ ਇਨ੍ਹਾਂ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਵੰਡੀਆਂ ਗਈਆਂ ਅਤੇ ਰਿਫ੍ਰੈਸ਼ਮੈਂਟ ਦਿੱਤੀ ਗਈ।

ਐੱਮ. ਐੱਸ. ਡਾ. ਜਯੋਤੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਅਕਤੂਬਰ ਮਹੀਨੇ ਦੇ ਦੂਜੇ ਵੀਰਵਾਰ ਨੂੰ ਵਰਲਡ ਸਾਈਟ ਡੇਅ ਮਨਾਇਆ ਜਾਂਦਾ ਹੈ। ਇਸ ਵਾਰ ਇਹ ਦਿਨ 'ਇਹ ਸਿਰਫ਼ ਨਜ਼ਰ ਨਹੀਂ, ਪੂਰਾ ਭਵਿੱਖ ਹੈ' ਥੀਮ ਤਹਿਤ ਮਨਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਨੌਜਵਾਨਾਂ, ਬੱਚਿਆਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਅੱਖਾਂ ਨੂੰ ਸੁਰੱਖਿਅਤ ਰੱਖਣ ਲਈ 20/20/20 ਨਿਯਮ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਨਾ ਹੈ।

ਉਨ੍ਹਾਂ ਨੇ 20/20/20 ਨਿਯਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਬਾਈਲ, ਟੈਬ, ਲੈਪਟਾਪ, ਟੈਲੀਵਿਜ਼ਨ ਸਕ੍ਰੀਨ ਅਤੇ ਡਿਜੀਟਲ ਮੀਡੀਆ ਦੇ ਇਸਤੇਮਾਲ ਨਾਲ ਅੱਖਾਂ 'ਤੇ ਦਬਾਅ/ਅਸਰ ਇਕ ਵੱਡੀ ਸਮੱਸਿਆ ਬਣ ਗਈ ਹੈ।

ਇਸ ਲਈ, ਸਕ੍ਰੀਨ ਦਾ ਇਸਤੇਮਾਲ ਕਰਦੇ ਸਮੇਂ ਆਪਣੀਆਂ ਅੱਖਾਂ ਨੂੰ ਬਚਾਉਣ ਲਈ ਸਾਨੂੰ ਹਰ 20 ਮਿੰਟ ਬਾਅਦ 20 ਸੈਕਿੰਡ ਦਾ ਬ੍ਰੇਕ ਲੈਣਾ ਚਾਹੀਦਾ ਹੈ ਅਤੇ ਇਸ ਦੌਰਾਨ 20 ਫੁੱਟ ਦੀ ਦੂਰੀ 'ਤੇ ਪਈ ਕਿਸੇ ਵੀ ਚੀਜ਼ 'ਤੇ ਫੋਕਸ ਕਰਨਾ ਚਾਹੀਦਾ ਹੈ, ਇਸ ਨਾਲ ਅੱਖਾਂ 'ਤੇ ਅਣਚਾਹੇ ਦਬਾਅ ਅਤੇ ਦਰਦ ਤੋਂ ਬਚਿਆ ਜਾ ਸਕਦਾ ਹੈ।

ਡਾ. ਗੁਰਪ੍ਰੀਤ ਕੌਰ ਆਈ ਮੋਬਾਈਲ ਯੂਨਿਟ ਨੇ ਜਾਣਕਾਰੀ ਦਿੰਦਿਆਂ ਬੱਚਿਆਂ ਦੀਆਂ ਅੱਖਾਂ ਦੀ ਦੇਖਭਾਲ ਲਈ ਜ਼ਰੂਰੀ ਟਿਪਸ ਦਿੱਤੇ। ਉਨ੍ਹਾਂ ਕਿਹਾ ਕਿ ਅੱਖਾਂ ਨੂੰ ਅਲਟਰਾਵਾਇਲੈੱਟ (ਯੂ. ਵੀ.) ਕਿਰਨਾਂ ਤੋਂ ਬਚਾਓ, ਸਕ੍ਰੀਨ 'ਤੇ ਕੰਮ ਕਰਦੇ ਸਮੇਂ ਸਹੀ ਦੂਰੀ ਅਤੇ ਲੈਵਲ ਬਣਾ ਕੇ ਰੱਖੋ, ਲਗਾਤਾਰ ਸਕ੍ਰੀਨ ਵੱਲ ਨਾ ਦੇਖੋ, ਸਕ੍ਰੀਨ ਟਾਈਮ ਨੂੰ ਸੀਮਤ ਰੱਖੋ, ਨਿਯਮਤ ਅੱਖਾਂ ਦਾ ਚੈੱਕਅਪ ਕਰਵਾਓ, ਸੰਤੁਲਿਤ ਖੁਰਾਕ ਲਓ ਅਤੇ ਬਾਹਰ ਸਮਾਂ ਬਤਾਓ।

ਐੱਸ. ਐੱਮ. ਓ. ਡਾ. ਅਰੁਣ ਵਰਮਾ ਨੇ ਜਾਣਕਾਰੀ ਦਿੱਤੀ ਕਿ ਸਾਨੂੰ ਆਪਣੀਆਂ ਅੱਖਾਂ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ। ਬੱਚਿਆਂ ਨੂੰ ਪਟਾਕਿਆਂ ਤੋਂ ਬਿਨਾਂ ਦੀਵਾਲੀ ਮਨਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡਾਕਟਰ ਦੀ ਪਰਚੀ ਤੋਂ ਬਿਨਾਂ ਮੈਡੀਕਲ ਸਟੋਰ ਤੋਂ ਕੋਈ ਵੀ ਆਈ ਡ੍ਰਾਪ ਖ਼ਰੀਦ ਕੇ ਆਪਣੀਆਂ ਅੱਖਾਂ 'ਚ ਨਾ ਪਾਓ, ਕਿਉਂਕਿ ਕਈ ਡ੍ਰਾਪਸ 'ਚ ਸਟੀਰਾਇਡ ਹੁੰਦੇ ਹਨ ਜੋ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਅਸੀਮ ਸ਼ਰਮਾ, ਡਿਪਟੀ ਮਾਸ ਮੀਡੀਆ ਅਫ਼ਸਰ ਰਵਿੰਦਰ ਜੱਸਲ, ਸਟਾਫ਼ ਨਰਸ ਅਮਰਜੀਤ ਕੌਰ ਅਤੇ ਗੁਰਪ੍ਰੀਤ ਸਿੰਘ ਮੌਜੂਦ ਸਨ।


ਈ. ਐੱਸ. ਆਈ. ਡਾਇਰੈਕਟਰ ਡਾ. ਅਨਿਲ ਗੋਇਲ ਦੀ ਫਾਈਲ ਫੋਟੋ।

ਲੋਕਾਂ ਨੂੰ ਜਾਗਰੂਕ ਕਰਦੇ ਐੱਮ. ਐੱਸ. ਡਾ. ਜਯੋਤੀ, ਨਾਲ ਡਾ. ਅਰੁਣ ਵਰਮਾ, ਡਾ. ਗੁਰਪ੍ਰੀਤ ਕੌਰ, ਸਮਾਜ-ਸੇਵੀ ਹਰਬੰਸ ਗਗਨੇਜਾ, ਅਸੀਮ ਸ਼ਰਮਾ, ਰਵਿੰਦਰ ਜੱਸਲ ਤੇ ਹੋਰ। (ਸ਼ੋਰੀ)

ਲਘੂ ਉਦਯੋਗ ਭਾਰਤੀ ਦੇ ਵਫ਼ਦ ਨੇ ਰਾਜਪਾਲ ਨਾਲ ਕੀਤੀ ਮੁਲਾਕਾਤ, ਉਦਯੋਗਾਂ ਦੀਆਂ ਸਮੱਸਿਆਵਾਂ ਅਤੇ ਸਬਸਿਡੀ 'ਚ ਦੇਰੀ ਦਾ ਚੁੱਕਿਆ ਮੁੱਦਾ

ਛੇ-ਰਾਜੀ ਖੇਤਰੀ ਸੰਮੇਲਨ ਲਈ ਰਾਜਪਾਲ ਨੂੰ ਸੌਂਪਿਆ ਸੱਦਾ ਪੱਤਰ

ਜਲੰਧਰ, 8 ਅਕਤੂਬਰ (ਰਾਹੁਲ)–ਪੰਜਾਬ ਦੇ ਸੂਖਮ ਅਤੇ ਲਘੂ ਉਦਯੋਗਾਂ ਦੇ ਸਾਹਮਣੇ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਲੈ ਕੇ ਲਘੂ ਉਦਯੋਗ ਭਾਰਤੀ (ਪੰਜਾਬ) ਦੇ ਇਕ ਵਫ਼ਦ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਵਫ਼ਦ ਨੇ ਰਾਜਪਾਲ ਨੂੰ ਉਦਯੋਗਾਂ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ ਤੋਂ ਜਾਣੂ ਕਰਵਾਇਆ ਅਤੇ ਹੱਲ ਲਈ ਪ੍ਰਸ਼ਾਸਨਿਕ ਦਖ਼ਲ ਦੀ ਮੰਗ ਕੀਤੀ।

ਲਘੂ ਉਦਯੋਗ ਭਾਰਤੀ ਜਨਸੰਚਾਰ ਬੋਰਡ (ਉੱਤਰ ਖੇਤਰ) ਦੇ ਇੰਚਾਰਜ ਵਿਕ੍ਰਾਂਤ ਸ਼ਰਮਾ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਸੰਗਠਨ ਦੇ ਪੰਜਾਬ ਮੀਤ ਪ੍ਰਧਾਨ ਅਸ਼ੋਕ ਸੇਠੀ ਨੇ 'ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਪ੍ਰੋਗਰਾਮ' ਯੋਜਨਾ ਤਹਿਤ ਸਾਲ 2022 'ਚ ਪ੍ਰਵਾਨਿਤ ਮਾਮਲਿਆਂ ਦੀ ਸਬਸਿਡੀ ਜਾਰੀ ਕਰਨ 'ਚ ਹੋ ਰਹੀ ਦੇਰੀ ਦਾ ਮੁੱਦਾ ਪ੍ਰਮੁੱਖਤਾ ਨਾਲ ਚੁੱਕਿਆ। ਉਨ੍ਹਾਂ ਕਿਹਾ ਕਿ ਛੋਟੇ ਉੱਦਮੀ ਮੌਜੂਦਾ ਸਮੇਂ 'ਚ ਬੈਂਕ ਕਰਜ਼ੇ 'ਤੇ ਲਗਾਤਾਰ ਵਿਆਜ ਚੁਕਾ ਰਹੇ ਹਨ। ਜੇਕਰ ਸਬਸਿਡੀ ਜਾਰੀ ਕਰਨ 'ਚ ਹੋਰ ਦੇਰੀ ਹੋਈ, ਤਾਂ ਵਿਆਜ ਦੀ ਲਾਗਤ ਸਬਸਿਡੀ ਦੀ ਅਸਲ ਰਕਮ ਨੂੰ ਹੀ ਖ਼ਤਮ ਕਰ ਦੇਵੇਗੀ, ਜਿਸ ਨਾਲ ਛੋਟੇ ਉੱਦਮੀਆਂ ਨੂੰ ਭਾਰੀ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ।

ਸੰਗਠਨ ਦੇ ਸੂਬਾ ਜਨਰਲ ਸਕੱਤਰ ਵਿਵੇਕ ਰਾਠੌਰ ਨੇ ਉਦਯੋਗਾਂ ਨਾਲ ਜੁੜੀਆਂ ਹੋਰ ਪ੍ਰਮੁੱਖ ਸਮੱਸਿਆਵਾਂ, ਜਿਵੇਂ ਅਣਐਲਾਨੇ ਬਿਜਲੀ ਕੱਟ, ਕਾਨੂੰਨ-ਵਿਵਸਥਾ ਦੀ ਸਥਿਤੀ ਅਤੇ ਉਦਯੋਗ-ਹਿਤੈਸ਼ੀ ਨੀਤੀਆਂ 'ਚ ਆ ਰਹੀਆਂ ਖ਼ਾਮੀਆਂ ਨੂੰ ਰਾਜਪਾਲ ਦੇ ਸਾਹਮਣੇ ਰੱਖਿਆ। ਉਨ੍ਹਾਂ ਨੇ ਇਨ੍ਹਾਂ ਸਮੱਸਿਆਵਾਂ ਦੇ ਸਥਾਈ ਹੱਲ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਬੇਨਤੀ ਕੀਤੀ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵਫ਼ਦ ਵੱਲੋਂ ਚੁੱਕੇ ਗਏ ਸਾਰੇ ਵਿਸ਼ਿਆਂ ਨੂੰ ਧਿਆਨਪੂਰਵਕ ਸੁਣਿਆ ਅਤੇ ਹਾਂ-ਪੱਖੀ ਹੱਲ ਦਾ ਭਰੋਸਾ ਦਿੱਤਾ।

ਵਫ਼ਦ ਨੇ ਕਿਹਾ ਕਿ ਲਘੂ ਉਦਯੋਗ ਪੰਜਾਬ ਦੀ ਆਰਥਿਕਤਾ ਅਤੇ ਰੋਜ਼ਗਾਰ ਸਿਰਜਣ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਨ੍ਹਾਂ ਦੇ ਮਜ਼ਬੂਤੀਕਰਨ ਨਾਲ ਹੀ ਰਾਜ ਦੇ ਉਦਯੋਗਿਕ ਵਿਕਾਸ ਨੂੰ ਗਤੀ ਮਿਲ ਸਕੇਗੀ।

ਇਸ ਮੌਕੇ ਵਫ਼ਦ ਨੇ ਜਲੰਧਰ 'ਚ ਆਉਂਦੀ 19 ਅਤੇ 20 ਦਸੰਬਰ ਨੂੰ ਆਯੋਜਿਤ ਹੋਣ ਵਾਲੇ ਛੇ-ਰਾਜੀ ਖੇਤਰੀ ਸੰਮੇਲਨ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਮਾਣਯੋਗ ਰਾਜਪਾਲ ਨੂੰ ਰਸਮੀ ਸੱਦਾ ਪੱਤਰ ਵੀ ਸੌਂਪਿਆ। ਇਸ ਸੰਮੇਲਨ 'ਚ ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਤੋਂ 500 ਤੋਂ ਵੱਧ ਨੁਮਾਇੰਦੇ ਹਿੱਸਾ ਲੈਣਗੇ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਪ੍ਰਦੀਪ ਮੋਗੀਆ, ਖ਼ਜ਼ਾਨਚੀ ਪੁਨੀਤ ਗੁਪਤਾ, ਸੰਯੁਕਤ ਜਨਰਲ ਸਕੱਤਰ ਅਨਿਲ ਸ਼ਰਮਾ, ਅਨੁਜ ਕਪੂਰ, ਅਰਵਿੰਦ ਬੱਗਾ ਸਮੇਤ ਸੰਗਠਨ ਦੇ ਹੋਰ ਅਹੁਦੇਦਾਰ ਤੇ ਮੈਂਬਰ ਮੌਜੂਦ ਸਨ।

ਲਘੂ ਉਦਯੋਗ ਭਾਰਤੀ, ਪੰਜਾਬ ਦਾ ਵਫ਼ਦ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮੰਗ ਪੱਤਰ ਸੌਂਪਦਾ ਹੋਇਆ।

ਸ਼੍ਰੀ ਗਣੇਸ਼ ਡਰਾਮਾਟਿਕ ਕਲੱਬ ਜਗਤਪੁਰਾ ਵੱਲੋਂ ਪਹਿਲੀ ਨਾਈਟ ਰਾਵਣ ਅੱਤਿਆਚਾਰ ਨਾਲ ਸ਼ੁਰੂ

ਜਲੰਧਰ : ਸ਼੍ਰੀ ਗਣੇਸ਼ ਡਰਾਮਾਟਿਕ ਕਲੱਬ ਬ੍ਰਹਮ ਕੁੰਡ ਮੰਦਰ ਸ਼੍ਰੀ ਰਾਮਲੀਲਾ ਗਰਾਊਂਡ 'ਚ ਪਹਿਲੀ ਨਾਈਟ ਦੀ ਆਰੰਭਤਾ ਰਾਵਣ ਅੱਤਿਆਚਾਰ ਨਾਲ ਕੀਤੀ ਗਈ, ਜਿਸ 'ਚ ਸ਼ੰਕਰ ਦਾ ਰੋਲ ਸਤਵਿੰਦਰ ਪੱਪੀ, ਰਾਵਣ ਦੀ ਭੂਮਿਕਾ ਰਾਜੇਸ਼ ਮਹਿਤਾ ਵੱਲੋਂ ਨਿਭਾਈ ਗਈ। ਇਸ ਮੌਕੇ ਰਾਮ ਦੇ ਰੋਲ ਗੌਰਵ ਅਰੋੜਾ ਜਿੰਮੀ, ਲਛਮਣ ਬੌਬੀ, ਸੀਤਾ ਸਾਗਰ, ਹਨੂਮਾਨ ਮੋਹਨ ਕਪੂਰ ਅਤੇ ਹੋਰ ਕਲਾਕਾਰ ਇਸ 'ਚ ਆਪਣੀ ਭੂਮਿਕਾ ਨਿਭਾਉਣਗੇ। ਇਸ ਮੌਕੇ ਸਨੇਹਾ ਅਰੋੜਾ ਬੰਟੀ, ਗੁਰਪ੍ਰੀਤ ਸਿੰਘ ਰਿੰਕੂ, ਅਸ਼ਵਨੀ ਬਾਬਾ, ਜਨਰਲ, ਬੱਬੂ, ਪ੍ਰਭਾਤ ਅਰੋੜਾ, ਸਿਧਾਰਥ ਅਰੋੜਾ, ਤਨੁਸ਼ ਮਹਿਤਾ ਇਸ 'ਚ ਆਪਣਾ ਪੂਰਾ ਸਹਿਯੋਗ ਦੇਣਗੇ। ਇਸ ਰਾਮਲੀਲਾ ਦਾ ਆਯੋਜਨ 19 ਅਕਤੂਬਰ ਤੱਕ ਕੀਤਾ ਜਾਵੇਗਾ।

ਲੰਮਾ ਪਿੰਡ ਚੌਕ ਨੇੜਿਓਂ ਔਰਤ ਤੋਂ ਮੋਬਾਈਲ ਫੋਨ ਖੋਹਿਆ

ਜਲੰਧਰ, 8 ਅਕਤੂਬਰ (ਮਹੇਸ਼)–ਲੰਮਾ ਪਿੰਡ ਚੌਕ ਨੇੜੇ ਪੈਦਲ ਜਾ ਰਹੀ ਇਕ ਔਰਤ ਦਾ ਲੁਟੇਰਿਆਂ ਵੱਲੋਂ ਮੋਬਾਈਲ ਫੋਨ ਮਾਰਕਾ ਵੀਵੋ ਖੋਹ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਰਾਤ 8.30 ਤੋਂ 9.30 ਵਜੇ ਦਰਮਿਆਨ ਉਕਤ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੋਟਰਸਾਈਕਲ ਸਵਾਰ ਲੁਟੇਰੇ ਚੌਗਿੱਟੀ ਚੌਕ ਵੱਲ ਫ਼ਰਾਰ ਹੋ ਗਏ। ਲੁਟੇਰਿਆਂ ਦਾ ਸ਼ਿਕਾਰ ਹੋਈ ਔਰਤ ਜਮਨਾ ਦੇਵੀ ਪਤਨੀ ਗੌਰਵ ਕਲੇਰ ਦੀ ਸ਼ਿਕਾਇਤ 'ਤੇ ਥਾਣਾ ਰਾਮਾ ਮੰਡੀ ਵਿਚ ਏ. ਐੱਸ. ਆਈ. ਸੁਰਜੀਤ ਸਿੰਘ ਵੱਲੋਂ ਅੰਡਰ ਸੈਕਸ਼ਨ 304 (2) ਅਤੇ 3 (5) ਬੀ. ਐੱਨ. ਐੱਸ. ਤਹਿਤ 290 ਨੰਬਰ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਪੁਲਸ ਵਾਰਦਾਤ ਨੂੰ ਟ੍ਰੇਸ ਕਰਨ ਲਈ ਲੁਟੇਰਿਆਂ ਦੀ ਗ੍ਰਿਫ਼ਤਾਰੀ ਲਈ ਰੇਡ ਕਰ ਰਹੀ ਹੈ।

ਐੱਸ. ਐੱਸ. ਪੀ. ਵਿਰਕ ਨੇ ਕੀਤੀ ਜ਼ਿਲਾ ਅਪਰਾਧ ਸਮੀਖਿਆ ਮੀਟਿੰਗ

ਜਲੰਧਰ, 8 ਅਕਤੂਬਰ (ਧਵਨ, ਸ਼ੋਰੀ)–ਜਲੰਧਰ ਦਿਹਾਤੀ ਪੁਲਸ ਦੇ ਸੀਨੀਅਰ ਪੁਲਸ ਸੁਪਰਡੈਂਟ (ਐੱਸ. ਐੱਸ. ਪੀ.) ਹਰਵਿੰਦਰ ਸਿੰਘ ਵਿਰਕ ਦੀ ਪ੍ਰਧਾਨਗੀ ਵਿਚ ਜ਼ਿਲਾ ਪੱਧਰੀ ਅਪਰਾਧ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ।

ਮੀਟਿੰਗ ਵਿਚ ਜ਼ਿਲੇ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ, ਅਪਰਾਧਾਂ ਦੀ ਰੋਕਥਾਮ ਅਤੇ ਪੁਲਸ ਦੀ ਕਾਰਜਪ੍ਰਣਾਲੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਇਸ ਦੌਰਾਨ ਪੁਲਸ ਅਧਿਕਾਰੀਆਂ ਨੂੰ ਨਸ਼ੇ ਖ਼ਿਲਾਫ਼ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਅਪਰਾਧੀਆਂ 'ਤੇ ਸਖਤ ਕਾਰਵਾਈ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਦੌਰਾਨ ਨਸ਼ਾ ਸਮੱਗਲਿੰਗ ਖ਼ਿਲਾਫ਼ ਪ੍ਰਭਾਵੀ ਕਾਰਵਾਈ ਨੂੰ ਪਹਿਲ ਦਿੰਦੇ ਹੋਏ ਵਿਰਕ ਨੇ ਅਧਿਕਾਰੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿਚ ਨਸ਼ੇ ਦੇ ਨੈੱਟਵਰਕ ਦੀ ਪਛਾਣ ਕਰ ਕੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਨਸ਼ਾ ਵੇਚਣ ਅਤੇ ਸਪਲਾਈ ਕਰਨ ਵਾਲੇ ਲੋਕਾਂ ਦੇ ਨਾਲ-ਨਾਲ ਇਸ ਨਾਜਾਇਜ਼ ਨੈੱਟਵਰਕ ਨਾਲ ਜੁੜੇ ਹੋਰ ਵਿਅਕਤੀਆਂ 'ਤੇ ਵੀ ਲਗਾਤਾਰ ਨਿਗਰਾਨੀ ਰੱਖਣ ਨੂੰ ਕਿਹਾ ਗਿਆ।

ਐੱਸ. ਐੱਸ. ਪੀ. ਵਿਰਕ ਨੇ ਅਧਿਕਾਰੀਆਂ ਨੂੰ ਪੁਲਸ ਨਿਗਰਾਨੀ ਵਿਵਸਥਾ ਮਜ਼ਬੂਤ ਕਰਨ ਅਤੇ ਸੰਵੇਦਨਸ਼ੀਲ ਇਲਾਕਿਆਂ ਵਿਚ ਨਿਯਮਿਤ ਗਸ਼ਤ ਵਧਾਉਣ ਦੇ ਨਿਰਦੇਸ਼ ਦਿੱਤੇ। ਨਾਲ ਹੀ ਅਪਰਾਧ ਦੀ ਰੋਕਥਾਮ ਲਈ ਸਥਾਨਕ ਲੋਕਾਂ ਨਾਲ ਬਿਹਤਰ ਤਾਲਮੇਲ ਕਾਇਮ ਕਰਨ ਅਤੇ ਭਾਈਚਾਰਕ ਪੁਲਸਿੰਗ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਮੀਟਿੰਗ ਵਿਚ ਪੈਂਡਿੰਗ ਅਪਰਾਧਿਕ ਮਾਮਲਿਆਂ ਦੀ ਵੀ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੂੰ ਵਿਰਕ ਨੇ ਨਿਰਦੇਸ਼ ਦਿੱਤੇ ਕਿ ਅਪਰਾਧਿਕ ਮਾਮਲਿਆਂ ਦੀ ਜਾਂਚ ਵਿਚ ਗੈਰ-ਜ਼ਰੂਰੀ ਦੇਰੀ ਨਾ ਹੋਵੇ ਅਤੇ ਮਾਮਲਿਆਂ ਦਾ ਤੁਰੰਤ ਅਤੇ ਨਿਯਮਾਂ ਅਨੁਸਾਰ ਨਿਪਟਾਰਾ ਯਕੀਨੀ ਕੀਤਾ ਜਾਵੇ। ਗੰਭੀਰ ਅਪਰਾਧਾਂ ਵਿਚ ਸ਼ਾਮਲ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕਰਨ ਅਤੇ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਵਿਸ਼ੇਸ਼ ਯਤਨ ਕਰਨ ਨੂੰ ਕਿਹਾ ਗਿਆ।

ਸ਼ੋਕ ਸਮਾਚਾਰ

ਸ਼੍ਰੀਮਤੀ ਸਤੀਸ਼ ਪ੍ਰਭਾ ਦੀ ਆਤਮਿਕ ਸ਼ਾਂਤੀ ਲਈ ਰਸਮ ਕਿਰਿਆ ਅੱਜ

ਜਲੰਧਰ (ਚੋਪੜਾ)–ਸੀਨੀਅਰ ਕਾਂਗਰਸੀ ਨੇਤਾ ਸਮੀਰ ਸੂਰੀ ਸੋਨੀ ਦੀ ਮਾਤਾ ਸਵ. ਸ਼੍ਰੀਮਤੀ ਸਤੀਸ਼ ਪ੍ਰਭਾ ਦੀ ਆਤਮਿਕ ਸ਼ਾਂਤੀ ਲਈ ਰਸਮ ਕਿਰਿਆ 9 ਅਕਤੂਬਰ 2026 ਨੂੰ ਦੁਪਹਿਰ 2 ਤੋਂ 3 ਵਜੇ ਤਕ ਸ਼੍ਰੀ ਰਾਮ ਹਾਲ, ਦੇਵੀ ਤਲਾਬ ਮੰਦਰ, ਜਲੰਧਰ ਵਿਚ ਹੋਵੇਗੀ।

ਰੇਲਵੇ ਟਰੈਕ/ਕਿਨਾਰੇ 'ਤੇ ਜਮ੍ਹਾ ਕੂੜਾ, ਪਲਾਸਟਿਕ ਤੇ ਝਾੜੀਆਂ ਦੀ ਕਰਵਾਈ ਸਫ਼ਾਈ

ਜਲੰਧਰ, 8 ਅਕਤੂਬਰ (ਪੁਨੀਤ)-ਮੰਡਲ 'ਚ 31 ਅਕਤੂਬਰ ਤੱਕ ਚਲਾਏ ਜਾ ਰਹੇ 'ਸਫ਼ਾਈ ਪਖਵਾੜੇ' ਤਹਿਤ ਰੋਜ਼ਾਨਾ ਵੱਖ-ਵੱਖ ਸਫ਼ਾਈ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ 'ਚ ਰੇਲਵੇ ਟਰੈਕ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਦੀ ਸਫ਼ਾਈ ਲਈ ਤਿੰਨ ਦਿਨਾ ਵਿਸ਼ੇਸ਼ ਮੁਹਿੰਮ ਚਲਾਈ ਗਈ। ਮੁਹਿੰਮ ਦੌਰਾਨ ਜਲੰਧਰ ਸਮੇਤ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਰੇਲਵੇ ਟਰੈਕ ਅਤੇ ਉਸ ਦੇ ਕਿਨਾਰੇ ਜਮ੍ਹਾ ਕੂੜੇ, ਪਲਾਸਟਿਕ ਅਤੇ ਝਾੜੀਆਂ ਨੂੰ ਹਟਾ ਕੇ ਸਫ਼ਾਈ ਕਰਵਾਈ ਗਈ।

ਇਸ ਵਿਸ਼ੇਸ਼ ਮੁਹਿੰਮ ਦੌਰਾਨ ਰੇਲਵੇ ਟਰੈਕ ਦੇ ਨੇੜੇ ਨਿਸ਼ਾਨਦੇਹੀ ਕੀਤੇ ਗਏ ਕੂੜੇ ਦੇ ਪੁਆਇੰਟਾਂ 'ਚ ਵੀ ਸਫ਼ਾਈ ਕਰਵਾਈ ਗਈ। ਇਨ੍ਹਾਂ ਥਾਵਾਂ 'ਤੇ ਲੰਬੇ ਸਮੇਂ ਤੋਂ ਜਮ੍ਹਾ ਕੂੜੇ ਨੂੰ ਹਟਾਉਣ ਦੇ ਨਾਲ-ਨਾਲ ਆਸ-ਪਾਸ ਦੇ ਖੇਤਰ ਨੂੰ ਵੀ ਸਾਫ਼ ਕੀਤਾ ਗਿਆ, ਤਾਂ ਜੋ ਰੇਲਵੇ ਕੰਪਲੈਕਸ ਦੇ ਆਸ-ਪਾਸ ਗੰਦਗੀ ਜਮ੍ਹਾ ਨਾ ਹੋਵੇ। ਸਫ਼ਾਈ ਕਾਰਜ ਦੌਰਾਨ ਲੋੜ ਅਨੁਸਾਰ ਜੇ. ਸੀ. ਬੀ. ਅਤੇ ਟਿੱਪਰ ਦੀ ਮਦਦ ਵੀ ਲਈ ਗਈ ਅਤੇ ਹਟਾਏ ਗਏ ਕੂੜੇ ਨੂੰ ਨਿਰਧਾਰਿਤ ਥਾਵਾਂ 'ਤੇ ਪਹੁੰਚਾਇਆ ਗਿਆ।

ਜਲੰਧਰ ਦੇ ਰੇਲਵੇ ਟਰੈਕ ਨਾਲ ਜੁੜੇ ਵੱਖ-ਵੱਖ ਹਿੱਸਿਆਂ 'ਚ ਵੀ ਸਫ਼ਾਈ ਮੁਹਿੰਮ ਚਲਾਈ ਗਈ। ਟਰੈਕ ਦੇ ਆਸ-ਪਾਸ ਉੱਗੀਆਂ ਝਾੜੀਆਂ ਅਤੇ ਜਮ੍ਹਾ ਪਲਾਸਟਿਕ ਨੂੰ ਹਟਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ ਰੇਲਵੇ ਟਰੈਕ ਅਤੇ ਇਸ ਦੇ ਆਸ-ਪਾਸ ਸਫ਼ਾਈ ਬਣਾਏ ਰੱਖਣਾ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਤਹਿਤ ਚਿੰਨ੍ਹਿਤ ਥਾਵਾਂ 'ਤੇ ਸਮੇਂ-ਸਮੇਂ 'ਤੇ ਸਫ਼ਾਈ ਕਰਵਾਈ ਜਾ ਰਹੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸਫ਼ਾਈ ਪਖਵਾੜੇ ਅਧੀਨ ਰੇਲਵੇ ਸਟੇਸ਼ਨਾਂ, ਸਟੇਸ਼ਨ ਕੰਪਲੈਕਸਾਂ ਅਤੇ ਟਰੈਕ ਦੇ ਆਸ-ਪਾਸ ਦੇ ਖੇਤਰਾਂ ਨੂੰ ਸਾਫ਼ ਅਤੇ ਕੂੜਾ-ਮੁਕਤ ਬਣਾਏ ਰੱਖਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਸਫ਼ਾਈ ਮੁਹਿੰਮ ਦੇ ਨਾਲ ਕਰਮਚਾਰੀਆਂ ਨੂੰ ਵੀ ਸਫ਼ਾਈ ਬਣਾਈ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਮੁਹਿੰਮ ਤੋਂ ਬਾਅਦ ਵੀ ਇਨ੍ਹਾਂ ਥਾਵਾਂ 'ਤੇ ਦੁਬਾਰਾ ਕੂੜਾ ਜਮ੍ਹਾ ਨਾ ਹੋਵੇ।



ਸਵੱਛਤਾ ਗਤੀਵਿਧੀਆਂ ਤਹਿਤ ਵੱਖ-ਵੱਖ ਸਥਾਨਾਂ 'ਤੇ ਚੱਲ ਰਹੀ ਸਫਾਈ ਮੁਹਿੰਮ।

ਬੈਂਕ ਆਫ ਬੜੌਦਾ
Bank of Baroda
ਰੇਸਰਬ : ਜਲੰਧਰ ਰੀਜਨਲ ਆਫਿਸ, ਵਿਜੇ ਨਗਰ, ਫੁੱਟਬਾਲ ਚੌਕ, ਜਲੰਧਰ,
ਮੋਬ. : 86965-17511, ਈ-ਮੇਲ : SARJAL@bankofbaroda.bank.in
ਈ-ਨਿਲਾਮੀ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ [ਅਚੱਲ ਜਾਇਦਾਦਾਂ ਲਈ ਰੂਲ 6(2) ਸਮੇਤ ਅੰਤਿਕਾ-II-A]
ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ... 2002 ਦੇ ਰੂਲ 6(2) ਤੇ 8(6) ...
ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
[illegible]

ਕਰਜ਼ਦਾਰ (ਾਂ), ਗਾਰੰਟਰ (ਾਂ) ਤੇ ਮਾਰਟਗੇਜਰ (ਾਂ) ਦਾ ਨਾਂ ਤੇ ਪਤਾ	ਜਾਣਕਾਰੀ ਵਾਲੇ ਭਾਰਾਂ (ਜੇ ਕੋਈ ਹੋਣ) ਸਮੇਤ ਅਚੱਲ ਜਾਇਦਾਦ ਦਾ ਵੇਰਵਾ	ਕੁੱਲ ਬਕਾਏ	ਰਾਖਵੀਂ ਕੀਮਤ / ਈ. ਐੱਮ. ਡੀ. / ਬੋਲੀ ਵਾਧਾ ਰਕਮ	ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ / ਜਾਂਚ ਦੀ ਮਿਤੀ	ਕਬਜ਼ੇ ਦੀ ਸਥਿਤੀ / ਕਬਜ਼ੇ ਦੀ ਕਿਸਮ
(1) ਮੈਸਰਜ਼ ... ਪਿੰਡ ਨੰਗਲ ਖੇੜਾ, ਫਗਵਾੜਾ, ਜ਼ਿਲਾ ਕਪੂਰਥਲਾ, (2) ਸ਼੍ਰੀ ਮੋਹਣ ਸਿੰਘ, ਪਿੰਡ ਨੰਗਲ ਖੇੜਾ, ਫਗਵਾੜਾ, ਜ਼ਿਲਾ ਕਪੂਰਥਲਾ, (3) ਸ਼੍ਰੀਮਤੀ ਪਰਵੀਨ ਕੌਰ ਪਤਨੀ ਸ਼੍ਰੀ ਮੋਹਣ ਸਿੰਘ, ਧਿਆਨ ਕਾਲੋਨੀ, ਫਗਵਾੜਾ, ਜ਼ਿਲਾ ਕਪੂਰਥਲਾ।	7ਮਰਲੇ (1 ਮਰਲਾ-272 ਵਰਗ ਫੁੱਟ) ... ਕਾਲੋਨੀ, ਫਗਵਾੜਾ, ਜ਼ਿਲਾ ਕਪੂਰਥਲਾ ਵਿਖੇ ਸਥਿਤ ਹੈ ... 5//23/1/3-14, 23/2/3-16, ਕਿੱਤਾ 2, ਖਾਤਾ ਨੰ. 142/190, ਜਮ੍ਹਾਬੰਦੀ ਸਾਲ 2004-2005, ... ਨੰ. 101 ... ਨੰ. 1462 ਮਿਤੀ 18.09.2006 ... ਪਰਵੀਨ ਕੌਰ ਪਤਨੀ ਮੋਹਣ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ।	84,42,063 ਰੁਪਏ 11.07.2013 ਨੂੰ ਜਮ੍ਹਾ ਲਾਗੂ ਨਾ ਹੋਇਆ ਵਿਆਜ ਜਮ੍ਹਾ ਲਾਗਤਾਂ ਅਤੇ ਹੋਰ ਚਾਰਜਿਜ਼ ਭੁਗਤਾਨ ਦੀ ਮਿਤੀ ਤਕ।	15,13,350 ਰੁਪਏ / 1,51,335 ਰੁਪਏ / 5,000 ਰੁਪਏ / 15,18,350 ਰੁਪਏ	26.10.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ / (ਸਿਰਫ ਅਪੁਆਇੰਟਮੈਂਟ 'ਤੇ)	ਦਸਤੀ ਕਬਜ਼ਾ / ਰਿਹਾਇਸ਼ੀ ਜਾਇਦਾਦ

ਨਿਯਮ ਤੇ ਸ਼ਰਤਾਂ : (1) ਜਾਇਦਾਦ ਭੌਤਿਕ ਕਬਜ਼ੇ ਵਿਚ ਹੈ ਅਤੇ ਬੋਲੀਕਾਰ ਆਪਣੇ ਖੁਦ ਦੇ ਜੋਖਿਮ ਤੇ ਜ਼ਿੰਮੇਵਾਰੀ 'ਤੇ ਭੌਤਿਕ ਕਬਜ਼ੇ ਹੇਠ ਜਾਇਦਾਦ ਖਰੀਦ ਰਿਹਾ ਹੈ। (2) ਬੈਂਕ ਜਾਇਦਾਦ ਦਾ ਕਬਜ਼ਾ ਸਿਰਫ਼ ਭੌਤਿਕ ਤੌਰ 'ਤੇ ਹੀ ਸਫਲ ਨਿਲਾਮੀ ਬੋਲੀਕਾਰ ਨੂੰ ਸੌਂਪੇਗਾ। (3) ਸਫਲ ਨਿਲਾਮੀ ਖਰੀਦਦਾਰ ਪੈਸੇ ਵਾਪਸੀ ਦੇ ਕਿਸੇ ਵੀ ਮਾਮਲੇ ਵਿਚ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। (4) ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਤੇ ਸ਼ਰਤਾਂ ਦੀ ਪੁਸ਼ਟੀ ਕਰਦਿਆਂ ਐਲਾਨਨਾਮਾ ਤੇ ਵਚਨਬੱਧਤਾ ਜਮ੍ਹਾ ਕਰਨੀ ਪਵੇਗੀ। (5) ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਐਲਾਨਨਾਮਾ ਤੇ ਵਚਨਬੱਧਤਾ ਜਮ੍ਹਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਬੋਲੀ ਦੀ ਈ. ਐੱਮ. ਡੀ. ਦੀ ਰਕਮ ਜ਼ਬਤ ਕਰ ਲਈ ਜਾਵੇਗੀ।
ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ ਲਿੰਕ https://www.bankofbaroda.bank.in/e-auction.htm ਅਤੇ ਆਨਲਾਈਨ ਨਿਲਾਮੀ ਪੋਰਟਲ https://Baanknet.com ਦੇਖੋ। ਇਸ ਤੋਂ ਇਲਾਵਾ ਇੱਛੁਕ ਬੋਲੀਕਾਰ ਅਧਿਕਾਰਤ ਅਫਸਰ ਸ਼੍ਰੀਮਤੀ ਗਿਰਿਜਾ ... ਨਾਲ ਮੋਬਾਈਲ ਨੰ. 86965-17511 'ਤੇ ਵੀ ਸੰਪਰਕ ਕਰ ਸਕਦੇ ਹਨ।
ਇਸ ਨੂੰ ਸਰਫੇਸੀ ਐਕਟ 2002 ਤਹਿਤ 15 ਦਿਨਾ ਵਿਧਾਨਕ ਵਿਕਰੀ ਨੋਟਿਸ ਸਮਝਿਆ ਜਾਵੇ।
ਮਿਤੀ : 09.10.2026 ਸਥਾਨ : ਜਲੰਧਰ ਅਧਿਕਾਰਤ ਅਫਸਰ (ਬੈਂਕ ਆਫ ਬੜੌਦਾ)